ਮਿੱਠੇ ਬੱਚੇ:- "ਮਿੱਠੇ ਬੱਚੇ :- ਬਾਪ ਨਾਲ ਸਰਵ ਸੰਬੰਧ ਰੱਖੋ ਤਾਂ ਬੰਧੰਨ ਖਲਾਸ ਹੋ ਜਾਣਗੇ, ਮਾਇਆ ਬੰਧੰਨ ਵਿੱਚ ਬੰਨੰਦੀ ਅਤੇ ਬਾਪ ਬੰਧੰਨਾ ਤੋਂ ਮੁਕਤ ਕਰ ਦਿੰਦੇ ਹਨ"

ਪ੍ਰਸ਼ਨ:- ਨਿਰਬੰਧਨ ਕਿਸ ਨੂੰ ਕਿਹਾ ਜਾਂਦਾ ਹੈ? ਨਿਰਬੰਧਨ ਬਣਨ ਦਾ ਉਪਾਏ ਕੀ ਹੈ?

ਉੱਤਰ:- ਨਿਰਬੰਧਨ ਮਤਲਬ ਅਸ਼ਰੀਰੀ ਦੇਹ ਸਹਿਤ ਦੇਹ ਦਾ ਕੋਈ ਵੀ ਸੰਬੰਧ ਬੁੱਧੀ ਨੂੰ ਆਪਣੇ ਵਲ ਨਾ ਖਿੱਚੇ। ਦੇਹ - ਅਭਿਮਾਨ ਵਿੱਚ ਹੀ ਬੰਧੰਨ ਹੈ। ਦੇਹੀ - ਅਭਿਮਾਨੀ ਬਣੋ ਤਾਂ ਸਭ ਬੰਧੰਨ ਖ਼ਤਮ ਹੋ ਜਾਣਗੇ। ਜਿਉਂਦੇ ਜੀ ਮਰ ਜਾਣਾ ਹੀ ਨਿਰਬੰਧਨ ਬਣਨਾ ਹੈ। ਬੁੱਧੀ ਵਿੱਚ ਰਹੇ ਹੁਣ ਅੰਤ ਦਾ ਸਮਾਂ ਹੈ, ਨਾਟਕ ਪੂਰਾ ਹੋਇਆ, ਅਸੀਂ ਬਾਪ ਦੇ ਕੋਲ ਜਾਂਦੇ ਹਾਂ ਤਾਂ ਨਿਰਬੰਧੰਨ ਬਣ ਜਾਵਾਂਗੇ।

ਗੀਤ:- ਜਿਸ ਕਾ ਸਾਥੀ ਹੈ ਭਗਵਾਨ...

ਓਮ ਸ਼ਾਂਤੀ। ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਹੁਣ ਇੰਨੇ ਬੱਚੇ ਹਨ ਤਾਂ ਜਰੂਰ ਬੇਹੱਦ ਦਾ ਬਾਪ ਹੋਵੇਗਾ। ਬਾਪ ਸਮਝਾਉਂਦੇ ਹਨ - ਕਹਿੰਦੇ ਵੀ ਹਨ ਨਿਰਾਕਾਰ ਸ਼ਿਵਬਾਬਾ। ਬ੍ਰਹਮਾ ਨੂੰ ਵੀ ਬਾਬਾ ਕਹਿੰਦੇ ਹਨ, ਵਿਸ਼ਨੂੰ ਅਤੇ ਸ਼ੰਕਰ ਨੂੰ ਬਾਬਾ ਨਹੀਂ ਕਹਾਂਗੇ। ਸ਼ਿਵ ਨੂੰ ਹਮੇਸ਼ਾ ਬਾਬਾ ਕਹਿੰਦੇ ਹਨ। ਸ਼ਿਵ ਦਾ ਚਿੱਤਰ ਵੱਖ, ਸ਼ੰਕਰ ਦਾ ਚਿੱਤਰ ਵੱਖ ਹੈ। ਗੀਤ ਵੀ ਹੈ ਸ਼ਿਵਾਏ ਨਮ:। ਫਿਰ ਕਿਹਾ ਜਾਂਦਾ ਹੈ ਤੁਮ ਮਾਤ - ਪਿਤਾ... ਇਹ ਵੀ ਸਮਝਾਉਣਾ ਬਹੁਤ ਸਹਿਜ ਹੈ ਕਿ ਬਰੋਬਰ ਨਿਰਾਕਾਰ ਸ਼ਿਵ ਨੂੰ ਹੀ ਬਾਪ ਕਹਿੰਦੇ ਹਨ। ਉਹ ਹੈ ਸਭ ਆਤਮਾਵਾਂ ਦਾ ਬਾਪ। ਸ਼ੰਕਰ ਅਤੇ ਵਿਸ਼ਨੂੰ ਨਿਰਾਕਾਰ ਤੇ ਨਹੀਂ ਹਨ। ਸ਼ਿਵ ਨੂੰ ਨਿਰਾਕਾਰ ਕਹਾਂਗੇ। ਮੰਦਿਰਾਂ ਵਿਚ ਉਨ੍ਹਾਂ ਸਭਨਾਂ ਦੇ ਚਿੱਤਰ ਹਨ। ਭਗਤੀ ਮਾਰਗ ਵਿੱਚ ਕਿੰਨੇ ਚਿੱਤਰ ਹਨ। ਉੱਚ ਤੇ ਉੱਚ ਚਿੱਤਰ ਵਿਖਾਉਂਦੇ ਹਨ ਸ਼ਿਵਬਾਬਾ ਦਾ, ਫਿਰ ਬ੍ਰਹਮਾ, ਵਿਸ਼ਨੂੰ, ਸ਼ੰਕਰ ਦਾ ਚਿੱਤਰ ਦਿਖਾਉਂਦੇ ਹਨ। ਉਹਨਾਂ ਦਾ ਵੀ ਰੂਪ ਹੈ। ਜਗਤ ਅੰਬਾ, ਜਗਤ ਪਿਤਾ ਦਾ ਵੀ ਰੂਪ ਹੈ। ਲਕਸ਼ਮੀ - ਨਾਰਾਇਣ ਦਾ ਵੀ ਸਾਕਾਰੀ ਰੂਪ ਹੈ। ਬਾਕੀ ਇੱਕ ਹੀ ਭਗਵਾਨ ਹੈ ਨਿਰਾਕਾਰ। ਪਰ ਉਹਨਾਂ ਨੂੰ ਸਿਰਫ਼ ਗੋਡ ਕਹਿਣ ਨਾਲ ਮਨੁੱਖ ਮੂੰਝਦੇ ਹਨ। ਪੁੱਛੋ - ਗੋਡ ਤੁਹਾਡਾ ਕੀ ਲੱਗਦਾ ਹੈ, ਕਹਿਣਗੇ ਫ਼ਾਦਰ। ਤਾਂ ਇਹ ਸਿੱਧ ਕਰ ਦੱਸਣਾ ਹੈ ਗੋਡ ਫਾਦਰ ਹੈ। ਫ਼ਾਦਰ ਰਚਤਾ ਹੈ ਤਾਂ ਮਦਰ ਵੀ ਚਾਹੀਦੀ ਹੈ। ਮਦਰ ਬਿਗਰ ਫ਼ਾਦਰ ਕਿਵੇਂ ਸ੍ਰਿਸ਼ਟੀ ਰਚਣਗੇ। ਉਹ ਫ਼ਾਦਰ ਕਦੋਂ ਆਉਣਗੇ? ਸਭ ਬੁਲਾਉਂਦੇ ਹਨ - ਹੇ ਪਤਿਤਾਂ ਨੂੰ ਪਾਵਨ ਬਣਾਉਣ ਵਾਲੇ ਆਓ। ਹੁਣ ਤਾਂ ਸਾਰੀ ਦੁਨੀਆਂ ਪਤਿਤ ਹੈ। ਪਤਿਤ ਹੋਣ ਤਾਂ ਹੀ ਆਕੇ ਪਾਵਨ ਬਣਾਉਣਗੇ ਨਾ। ਇਸਨਾਲ ਸਿੱਧ ਹੁੰਦਾ ਹੈ ਬਾਪ ਨੂੰ ਪਤਿਤ ਦੁਨੀਆਂ ਵਿੱਚ ਆਉਣਾ ਜਰੂਰ ਹੈ। ਪਰ ਡਰਾਮੇ ਅਨੁਸਾਰ ਇਹ ਕਿਸੇ ਨੂੰ ਵੀ ਸਮਝ ਵਿੱਚ ਨਹੀਂ ਆਏਗਾ। ਨਾ ਸਮਝਣ ਤਾਂ ਤੇ ਬਾਪ ਆਕੇ ਸਮਝਾਉਣ। ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਭਾਰਤ ਵਿੱਚ ਹੀ ਗਾਇਆ ਜਾਂਦਾ ਹੈ ਗਿਆਨ ਅਤੇ ਭਗਤੀ, ਫਿਰ ਕਹਿੰਦੇ ਹਨ ਬ੍ਰਹਮਾ ਦਾ ਦਿਨ ਅਤੇ ਬ੍ਰਹਮਾ ਦੀ ਰਾਤ। ਰਾਤ ਵਿੱਚ ਘੋਰ ਹਨ੍ਹੇਰਾ ਹੁੰਦਾ ਹੈ। ਗਾਇਆ ਵੀ ਜਾਂਦਾ ਹੈ ਗਿਆਨ ਅੰਜਨ ਸਤਿਗੁਰੂ ਦਿੱਤਾ, ਅਗਿਆਨ ਹਨ੍ਹੇਰ ਵਿਨਾਸ਼। ਮਨੁੱਖਾਂ ਵਿੱਚ ਇਨਾਂ ਤੇ ਅਗਿਆਨ ਹੈ ਜੋ ਫ਼ਾਦਰ ਨੂੰ ਵੀ ਨਹੀਂ ਜਾਣਦੇ। ਇਹਨਾਂ ਵਰਗਾ ਅਗਿਆਨ ਹੋਰ ਕੋਈ ਹੁੰਦਾ ਨਹੀਂ। ਪਰਮਪਿਤਾ, ਓ ਗੋਡ ਫ਼ਾਦਰ ਅੱਖਰ ਕਹਿਕੇ ਜੇਕਰ ਉਸਨੂੰ ਨਾ ਜਾਨਣ ਤਾਂ ਉਹਨਾਂ ਵਰਗਾ ਅਗਿਆਨੀ ਕੋਈ ਨਹੀਂ। ਬੱਚੇ ਬਾਬਾ ਕਹਿਣ ਫਿਰ ਕਹਿਣ ਅਤੇ ਫਿਰ ਕਹਿਣ ਅਸੀਂ ਉਨ੍ਹਾਂ ਦੇ ਆਕੂਪੇਸ਼ਨ, ਨਾਮ, ਰੂਪ ਆਦਿ ਨੂੰ ਨਹੀਂ ਜਾਣਦੇ ਹਾਂ ਤਾਂ ਉਹਨਾਂ ਨੂੰ ਅਨਾੜੀ ਕਿਹਾ ਜਾਏ ਨਾ। ਇਹ ਭਾਰਤਵਾਸੀਆਂ ਦੀ ਭੁੱਲ ਹੈ ਜੋ ਫ਼ਾਦਰ ਕਹਿੰਦੇ ਹੋਏ ਫਿਰ ਉਹਨਾਂ ਨੂੰ ਜਾਣਦੇ ਨਹੀਂ। ਗਾਉਂਦੇ ਹਨ - ਓ ਗੋਡ ਫ਼ਾਦਰ, ਆਕੇ ਪਤਿਤਾਂ ਨੂੰ ਪਾਵਨ ਬਣਾਓ, ਦੁੱਖ ਤੋਂ ਛੁਡਾਓ, ਦੁੱਖ ਹਰਕੇ ਸੁਖ ਦਵੋ। ਬਾਪ ਇੱਕ ਹੀ ਵਾਰ ਆਉਂਦੇ ਹਨ। ਇਹ ਤੁਸੀਂ ਜਾਣਦੇ ਹੋ ਨੰਬਰਵਾਰ। ਕਈ ਤਾਂ ਸਮਝਦੇ ਨਹੀਂ ਕਿ ਸਾਨੂੰ ਬਾਪ ਕੋਲੋਂ ਪੂਰਾ ਵਰਸਾ ਲੈਣਾ ਹੈ।

ਬਾਪ ਦਾ ਪੂਰਾ ਪਰਿਚੇ ਨਹੀਂ ਇਸਲਈ ਕਹਿੰਦੇ ਹਨ ਕੀ ਕਰੀਏ, ਬੰਧੰਨ ਹੈ। ਜਿਉਂਦੇ ਜੀ ਮਰਨਾ ਆ ਜਾਏ ਤਾਂ ਤੁਹਾਡਾ ਬੰਧੰਨ ਖ਼ਲਾਸ ਹੋ ਜਾਏ। ਮਨੁੱਖ ਅਚਾਨਕ ਮਰ ਜਾਂਦੇ ਹਨ ਤਾਂ ਬੰਧੰਨ ਛੁੱਟ ਜਾਂਦੇ ਹਨ। ਹੁਣ ਤਾਂ ਸਭਦੇ ਬੰਧੰਨ ਛੁੱਟਣ ਵਾਲੇ ਹਨ। ਤੁਹਾਨੂੰ ਜਿਉਂਦੇ ਜੀ ਨਿਰਬੰਧਨ ਮਤਲਬ ਅਸ਼ਰੀਰੀ ਬਣਨਾ ਹੈ। ਬਾਪ ਕਹਿੰਦੇ ਹਨ ਇਹਨਾਂ ਦੇ ਸ਼ਰੀਰ ਦੇ ਬੰਧੰਨਾ ਆਦਿ ਨੂੰ ਭੁੱਲ ਜਾਓ। ਆਪਣੇ ਨੂੰ ਆਤਮਾ ਸਮਝ ਮੈਨੂੰ ਬਾਪ ਨੂੰ ਯਾਦ ਕਰੋ। ਬਾਕੀ ਬੰਧੰਨ ਉਦੋਂ ਲੱਗਦਾ ਹੈ ਜਦੋਂ ਤੁਸੀਂ ਦੇਹ - ਅਭਿਮਾਨੀ ਬਣਦੇ ਹੋ ਫਿਰ ਕਹਿੰਦੇ ਹੋ - ਕਿਵੇਂ ਛੁੱਟੀਏ? ਬਾਪ ਕਹਿੰਦੇ ਹਨ ਭਾਵੇਂ ਗ੍ਰਿਹਸਤ ਵਿਵਹਾਰ ਵਿੱਚ ਰਹੋ ਪਰ ਬੁੱਧੀ ਵਿੱਚ ਰਹੇ - ਸਾਨੂੰ ਵਾਪਿਸ ਜਾਣਾ ਹੈ। ਜਿਵੇਂ ਨਾਟਕ ਦਾ ਜਦੋਂ ਅੰਤ ਹੁੰਦਾ ਹੈ ਤਾਂ ਐਕਟਰਸ ਨਾਟਕ ਤੋਂ ਜਿਵੇਂ ਉਪਰਾਮ ਹੋ ਜਾਂਦੇ ਹਨ। ਪਾਰ੍ਟ ਵਜਾਉਂਦੇ - ਵਜਾਉਂਦੇ ਬੁੱਧੀ ਵਿੱਚ ਰਹਿੰਦਾ ਹੈ - ਬਾਕੀ ਥੋੜਾ ਟਾਇਮ ਹੈ, ਉਹ ਪਾਰ੍ਟ ਵਜਾਕੇ ਫਿਰ ਘਰ ਜਾਣਗੇ। ਤੁਹਾਨੂੰ ਵੀ ਇਹ ਬੁੱਧੀ ਵਿੱਚ ਰੱਖਣਾ ਹੈ - ਹੁਣ ਅੰਤ ਹੈ, ਅਸੀਂ ਦੈਵੀ ਸੰਬੰਧ ਵਿੱਚ ਜਾਂਦੇ ਹਾਂ। ਇਸ ਪੁਰਾਣੀ ਦੁਨੀਆਂ ਵਿੱਚ ਰਹਿੰਦੇ ਇਹ ਬੁੱਧੀ ਵਿੱਚ ਰਹਿਣਾ ਚਾਹੀਦਾ ਹੈ ਕਿ ਅਸੀਂ ਬਾਪ ਦੇ ਕੋਲ ਜਾਂਦੇ ਹਾਂ। ਗਾਉਂਦੇ ਵੀ ਹਨ ਅਸੀਂ ਤੁਹਾਡੇ ਤੇ ਬਲਿਹਾਰ ਜਾਵਾਂਗੇ। ਜਿਉਂਦੇ ਜੀ ਤੁਹਾਡਾ ਬਣਾਂਗੇ। ਬਾਕੀ ਜੋ ਦੇਹ ਸਹਿਤ ਦੇਹ ਦੇ ਸੰਬੰਧ ਹਨ ਉਹਨਾਂ ਨੂੰ ਭੁੱਲ ਅਸੀਂ ਤੁਹਾਡੇ ਨਾਲ ਹੀ ਸੰਬੰਧ ਰੱਖਾਂਗੇ। ਸੰਬੰਧ ਹੈ ਤਾਂ ਯਾਦ ਕਰੋ, ਪਿਆਰ ਕਰੋ। ਬਾਪ ਨਾਲ ਅਤੇ ਆਪਣੇ ਪ੍ਰੀਤਮ ਨਾਲ ਬੁੱਧੀ ਦਾ ਯੋਗ ਲਗਾਓ। ਤਾਂ ਤੁਹਾਡੇ ਤੇ ਜੋ ਜੰਕ ਲੱਗੀ ਹੈ ਉਹ ਉਤਰ ਜਾਏਗੀ। ਯੋਗ ਤਾਂ ਗਾਇਆ ਹੋਇਆ ਹੈ ਨਾ। ਹੋਰ ਸਭ

ਜਿਸਮਾਨੀ ਯੋਗ ਹਨ - ਮਾਮਾ, ਚਾਚਾ, ਕਾਕਾ, ਗੁਰੂ ਗੋਸਾਈ ਆਦਿ ਸਭਨਾਲ ਯੋਗ ਰੱਖਦੇ ਹਨ। ਬਾਪ ਕਹਿੰਦੇ ਹਨ ਇਹਨਾਂ ਸਭ ਨਾਲ ਯੋਗ ਹਟਾਏ ਮੈਨੂੰ ਇਕ ਨੂੰ ਯਾਦ ਕਰੋ। ਯੋਗ ਮੇਰੇ ਇੱਕ ਨਾਲ ਲਗਾਓ। ਦੇਹ - ਅਭਿਮਾਨ ਵਿੱਚ ਨਹੀਂ ਆਓ। ਦੇਹ ਨਾਲ ਕਰਮ ਕਰਦੇ ਹੋਏ ਵੀ ਇਹ ਨਿਸ਼ਚੇ ਕਰੋ ਕਿ ਅਸੀਂ ਪਾਰ੍ਟ ਵਜਾ ਰਹੇ ਹਾਂ। ਇਸ ਪੁਰਾਣੀ ਦੁਨੀਆਂ ਦਾ ਹੁਣ ਅੰਤ ਹੈ, ਹੁਣ ਸਾਨੂੰ ਵਾਪਿਸ ਜਾਣਾ ਹੈ ਦੇਹ ਸਹਿਤ ਦੇਹ ਦੇ ਸਭ ਸੰਬੰਧਾਂ ਤੋਂ ਉਪਰਾਮ ਹੋਣਾ ਹੈ। ਇਵੇਂ - ਇਵੇਂ ਆਪਣੇ ਨਾਲ ਗੱਲਾਂ ਕਰਨੀਆਂ ਹਨ। ਹੁਣ ਤਾਂ ਬਾਪ ਦੇ ਕੋਲ ਜਾਣਾ ਹੈ। ਕਿਸੇ ਨੂੰ ਇਸਤਰੀ ਦਾ ਬੰਧੰਨ ਹੈ, ਕਿਸੇ ਨੂੰ ਪਤੀ ਦਾ ਬੰਧੰਨ ਹੈ, ਕਿਸੇ ਨੂੰ ਕਿਸੇ ਦਾ ਬੰਧੰਨ ਹੈ। ਬਾਬਾ ਤਾਂ ਯੁਕਤੀਆਂ ਬਹੁਤ ਦੱਸਦੇ ਹਨ। ਬੋਲ ਦੋ - ਸਾਨੂੰ ਪਵਿੱਤਰ ਬਣ ਭਾਰਤ ਨੂੰ ਪਵਿੱਤਰ ਜਰੂਰ ਬਣਾਉਣਾ ਹੈ। ਅਸੀਂ ਪਵਿੱਤਰ ਬਣ ਤਨ - ਮਨ - ਧਨ ਨਾਲ ਸੇਵਾ ਕਰਦੇ ਹਾਂ। ਪਰ ਪਹਿਲੇ ਨਸ਼ਟੋਮੋਹਾ ਚਾਹੀਦਾ ਹੈ। ਮੋਹ ਨਸ਼ਟ ਹੋਵੇ ਤਾਂ ਗੌਰਮਿੰਟ ਨੂੰ ਚਿੱਠੀ ਲਿਖੋ, ਤਾਂ ਉਹ ਵੀ ਤੁਹਾਨੂੰ ਸਹਿਯੋਗ ਦੇਣਗੇ। ਭਗਵਾਨੁਵਾਚ - ਕਾਮ ਮਹਾਸ਼ਤਰੂ ਹੈ, ਅਸੀਂ ਉਹਨਾਂ ਤੇ ਜਿੱਤ ਪਾਕੇ ਪਵਿੱਤਰ ਰਹਿਣਾ ਚਾਹੁੰਦੇ ਹਾਂ। ਬਾਪ ਦਾ ਫ਼ਰਮਾਨ ਹੈ ਪਵਿੱਤਰ ਬਣੋ ਤਾਂ ਸਵਰਗ ਦੇ ਮਾਲਿਕ ਬਣੋਗੇ। ਸਾਨੂੰ ਵਿਨਾਸ਼ ਅਤੇ ਸਥਾਪਨਾ ਦਾ ਸਾਕਸ਼ਾਤਕਾਰ ਹੋਇਆ ਹੈ, ਹੁਣ ਪਵਿੱਤਰ ਬਣਨ ਵਿੱਚ ਸਾਨੂੰ ਇਹ ਵਿਘਣ ਪੈਂਦੇ ਹਨ, ਮਾਰਦੇ ਹਨ। ਮੈਂ ਤਾਂ ਭਾਰਤ ਦੀ ਸੱਚੀ ਸੇਵਾ ਵਿੱਚ ਹਾਂ। ਹੁਣ ਮੈਨੂੰ ਐਸ਼ਲਮ ਦਵੋ। ਪਰ ਪੱਕਾ ਨਸ਼ਟੋਮੋਹਾ ਚਾਹੀਦਾ ਹੈ। ਸੰਨਿਆਸੀ ਤੇ ਘਰਬਾਰ ਛੱਡ ਜਾਂਦੇ ਹਨ। ਇੱਥੇ ਤੇ ਨਾਲ ਰਹਿੰਦੇ ਨਸ਼ਟੋਮੋਹਾ ਬਣਨਾ ਹੈ। ਸੰਨਿਆਸੀਆਂ ਦਾ ਮਾਰਗ ਵੱਖ ਹੈ ਮਨੁੱਖ ਕਹਿੰਦੇ ਵੀ ਹਨ ਕਿ ਗ੍ਰਿਹਸਤ ਵਿਵਹਾਰ ਵਿੱਚ ਰਹਿੰਦੇ ਸਾਨੂੰ ਅਜਿਹਾ ਗਿਆਨ ਦਵੋ ਜੋ ਅਸੀਂ ਰਾਜਾ ਜਨਕ ਮੁਆਫਿਕ ਮੁਕਤੀ, ਜੀਵਨ ਮੁਕਤੀ ਨੂੰ ਪਾ ਲਈਏ। ਉਹ ਹੀ ਤਾਂ ਹੁਣ ਤੁਹਾਨੂੰ ਮਿਲਣਾ ਹੈ ਨਾ।

ਬਾਬਾ ਕਹਿੰਦੇ ਹਨ ਇਹ ਮੇਰੀ ਬੰਨੀ (ਯੁਗਲ) ਹੈ, ਇਹਨਾਂ ਦੇ ਮੁਖ ਤੋਂ ਮੈਂ ਪ੍ਰਜਾ ਰਚਦਾ ਹਾਂ। ਪ੍ਰਜਾਪਿਤਾ ਬ੍ਰਹਮਾ ਦੇ ਮੁਖ ਦਵਾਰਾ ਕਹਿੰਦੇ ਹਨ। ਸ਼ਿਵਬਾਬਾ ਤੁਹਾਨੂੰ ਕਹਿੰਦੇ ਹਨ ਤੁਸੀਂ ਮੇਰੇ ਪੋਤਰੇ ਹੋ। ਇਹ ਫਿਰ ਕਹਿੰਦੇ ਹਨ ਤੁਸੀਂ ਮੇਰੇ ਬੱਚੇ ਬਣ ਸ਼ਿਵਬਾਬਾ ਦੇ ਪੋਤਰੇ ਬਣਦੇ ਹੋ। ਵਰਸਾ ਉਨ੍ਹਾਂ ਤੋਂ ਮਿਲਦਾ ਹੈ। ਸਵਰਗ ਦਾ ਵਰਸਾ ਕੋਈ ਮਨੁੱਖ ਦੇ ਨਾ ਸਕੇ। ਨਿਰਾਕਾਰ ਹੀ ਦਿੰਦੇ ਹਨ। ਤਾਂ ਭਗਤੀ ਵੱਖ ਚੀਜ਼ ਹੈ ਅਤੇ ਗਿਆਨ ਵੱਖ ਹੈ। ਭਗਤੀ ਵਿੱਚ ਤੇ ਵੇਦ -ਸ਼ਾਸਤਰ ਪੜ੍ਹਦੇ, ਯੱਗ - ਤਪ, ਦਾਨ - ਪੁੰਨ ਆਦਿ ਕਰਦੇ ਬਹੁਤ ਖਰਚਾ ਹੁੰਦਾ ਹੈ, ਇੱਹ ਸਾਰੀ ਹੈ ਭਗਤੀ ਦੀ ਸਮਗਰੀ। ਭਗਤੀ ਸ਼ੁਰੂ ਹੁੰਦੀ ਹੈ ਦਵਾਪਰ ਤੋਂ। ਦੇਵੀ ਦੇਵਤੇ ਜਦੋ ਵਾਮ ਮਾਰਗ ਵਿੱਚ ਆਕੇ ਪਤਿਤ ਬਣਦੇ ਹਨ ਤਾਂ ਫਿਰ ਦੇਵੀ - ਦੇਵਤੇ ਨਾਮ ਕਹਾ ਨਾ ਸਕਣ ਕਿਉਂਕਿ ਦੇਵਤੇ ਤਾਂ ਸੰਪੂਰਨ ਨਿਰਵਿਕਾਰੀ ਸਨ। ਵਾਮ ਮਾਰਗ ਵਿੱਚ ਜਾਨ ਨਾਲ ਵਿਕਾਰੀ ਬਣ ਜਾਂਦੇ ਹਨ। ਤਾਂ ਕਹਾਂਗੇ ਦੇਵਤਾ ਧਰਮ ਵਾਲੇ ਵਾਮ ਮਾਰਗ ਵਿੱਚ ਆਕੇ ਪਤਿਤ ਬਣ ਗਏ ਹਨ। ਪਤਿਤ ਨੂੰ ਦੇਵਤਾ ਕਹਿ ਨਹੀਂ ਸਕਦੇ, ਇਸਲਈ ਫਿਰ ਹਿੰਦੂ ਨਾਮ ਰੱਖਿਆ ਹੈ। ਵੇਦਾਂ - ਸ਼ਾਸ਼ਤਰਾਂ ਵਿੱਚ ਆਰਯ ਨਾਮ ਰੱਖ ਦਿੱਤਾ ਹੈ। ਆਰਯ ਨਾਮ ਇਸ ਭਾਰਤਖੰਡ ਦੇ ਲਈ ਹੈ। ਹੁਣ ਇਹ ਅੱਖਰ ਆਇਆ ਕਿਥੋਂ? ਸਤਿਯੁਗ ਵਿੱਚ ਤਾਂ ਆਰਯ ਅੱਖਰ ਹੈ ਨਹੀਂ। ਕਹਿੰਦੇ ਵੀ ਹਨ ਕ੍ਰਾਇਸਟ ਤੋਂ 3 ਹਜ਼ਾਰ ਵਰ੍ਹੇ ਪਹਿਲੇ ਭਾਰਤ ਵਿੱਚ ਦੇਵੀ - ਦੇਵਤਾ ਬੜੇ ਸਮਝਦਾਰ ਸਨ ਫਿਰ ਉਹ ਹੀ ਦੇਵਤਾ ਜਦੋਂ ਦਵਾਪਰ ਵਿੱਚ ਵਿਕਾਰੀ ਬਣਦੇ ਹਨ ਤਾਂ ਅੰਨ - ਆਰਯ ਕਿਹਾ ਜਾਂਦਾ ਹੈ। ਇੱਕ ਨੇ ਆਰਯ ਕਿਹਾ ਤਾਂ ਬਸ, ਨਾਮ ਚਲ ਪਿਆ। ਜਿਵੇਂ ਇੱਕ ਨੇ ਕ੍ਰਿਸ਼ਨ ਭਗਵਾਨੁਵਾਚ ਕਿਹਾ ਮਤਲਬ ਲਿਖਿਆ ਤਾਂ ਬਸ, ਉਹ ਮੰਨਣ ਲਗ ਜਾਂਦੇ ਹਨ। ਗਾਉਂਦੇ ਭਾਵੇਂ ਹਨ ਸ਼ਿਵਾਏ ਨਮਾ ਤੁਸੀਂ ਮਾਤ -ਪਿਤਾ... ਪਰ ਉਹ ਕਿਵੇਂ ਮਾਤ - ਪਿਤਾ ਬਣਦੇ ਹਨ, ਕਦੋਂ ਰਚਣ ਰਚਦੇ ਹਨ ਇਹ ਨਹੀਂ ਜਾਣਦੇ। ਜਰੂਰ ਸ੍ਰਿਸ਼ਟੀ ਦੇ ਆਦਿ ਵਿੱਚ ਰਹਿੰਦੇ ਹੋਣਗੇ। ਹੁਣ ਸ੍ਰਿਸ਼ਟੀ ਦਾ ਆਦਿ ਕਿਸਨੂੰ ਕਿਹਾ ਜਾਏ? ਸਤਿਯੁਗ ਨੂੰ ਜਾਂ ਸੰਗਮਯੁਗ ਨੂੰ? ਸਤਿਯੁਗ ਵਿੱਚ ਤੇ ਬਾਪ ਆਉਂਦੇ ਨਹੀਂ ਹਨ। ਸਤਿਯੁਗ ਆਦਿ ਵਿੱਚ ਤਾਂ ਆਉਂਦੇ ਹਨ ਲਕਸ਼ਮੀ - ਨਾਰਾਇਣ। ਉਹਨਾਂ ਨੂੰ ਸਤਿਯੁਗ ਦਾ ਮਾਲਿਕ ਕਿਸਨੇ ਬਣਾਇਆ? ਕਲਿਯੁਗ ਵਿੱਚ ਵੀ ਨਹੀਂ ਆਉਂਦੇ। ਇਹ ਹੈ ਕਲਪ ਦਾ ਸੰਗਮਯੁਗ। ਬਾਪ ਕਹਿੰਦੇ ਹਨ ਮੈਂ ਹਰ ਕਲਪ ਦੇ ਸੰਗਮਯੁਗ ਤੇ ਆਉਂਦਾ ਹਾਂ ਜਦੋਂਕਿ ਸਭ ਆਤਮਾਵਾਂ ਪਵਿੱਤਰ ਬਣ ਜਾਂਦੀਆਂ ਹਨ ਮਤਲਬ ਸ੍ਰਿਸ਼ਟੀ ਪੁਰਾਣੀ ਹੋ ਜਾਂਦੀ ਹੈ। ਡਰਾਮੇ ਦਾ ਚੱਕਰ ਪੂਰਾ ਹੋਵੇ ਤਾਂ ਹੀ ਤੇ ਬਾਪ ਆਏ ਨਾ। ਤੁਹਾਨੂੰ ਬੱਚਿਆਂ ਨੂੰ ਬੜੀ ਹੁਸ਼ਿਆਰੀ ਚਾਹੀਦੀ, ਧਾਰਣਾ ਚਾਹੀਦੀ ਹੈ। ਹੁਣ ਕਾਨਫ੍ਰੰਸ ਕਰਦੇ ਹਨ ਕਿ ਵੇਦ ਸ਼ਾਸ਼ਤਰ ਪੜ੍ਹਣ ਨਾਲ ਕੀ ਫਾਇਦਾ ਹੁੰਦਾ ਹੈ? ਵੇਦ ਪੜ੍ਹਣਾ ਚਾਹੀਦਾ ਹੈ ਤਾਂ ਕਿਉਂ? ਫੈਸਲਾ ਕੁਝ ਵੀ ਕਰ ਨਹੀਂ ਸਕਣਗੇ। ਫਿਰ ਉਹ ਹੀ ਕਾਨਫ੍ਰੰਸ ਦੂਜੇ ਵਰ੍ਹੇ ਕਰਨਗੇ। ਫੈਸਲਾ ਕਰਨ ਬੈਠਦੇ ਹਨ ਪ੍ਰੰਤੂ ਹੁੰਦਾ ਕੁਝ ਵੀ ਨਹੀਂ ਹੈ। ਵਿਨਾਸ਼ ਦੀਆਂ ਤਿਆਰੀਆਂ ਵੀ ਹੁੰਦੀਅਨ ਰਹਿੰਦੀਆਂ ਹਨ। ਬੰਬਸ ਬਨਾਉਂਦੇ ਰਹਿੰਦੇ। ਹੁਣ ਹੈ ਹੀ ਕਲਿਯੁਗ। ਇਹ ਗੱਲਾਂ ਤੁਸੀਂ ਬੱਚੇ ਹੀ ਜਾਣਦੇ ਹੋ। ਤੁਹਾਡੀਆਂ ਗੱਲਾਂ ਹੀ ਨਿਰਾਲੀਆਂ ਹਨ। ਤੁਸੀਂ ਜਾਣਦੇ ਹੋ ਮਨੁੱਖ, ਮਨੁੱਖ ਨੂੰ ਗਤੀ ਸਦਗਤੀ ਦੇ ਨਾ ਸਕੇ। ਗਾਉਂਦੇ ਵੀ ਹਨ ਪਤਿਤ - ਪਾਵਨ, ਤਾਂ ਆਪਣੇ ਨੂੰ ਪਤਿਤ ਕਿਉਂ ਨਹੀਂ ਸਮਝਦੇ? ਇਹ ਹੈ ਪਤਿਤ ਦੁਨੀਆ, ਵਿਸ਼ੇ ਸਾਗਰ। ਸਭ ਥੋੜੇ ਹੀ ਖਵਈਆ ਬਣ ਸਕਦੇ ਹਨ।

ਹਾਲੇ ਤੁਸੀਂ ਬੱਚਿਆਂ ਵਿਚ ਉਹ ਤਾਕਤ ਆਈ ਨਹੀਂ ਹੈ ਜੋ ਪੂਰਾ ਸਮਝਾ ਸਕੋ। ਹਾਲੇ ਤੁਸੀਂ ਇਨਾਂ ਹੋਸ਼ਿਆਰ ਨਹੀਂ ਬਣੇ ਹੋ। ਯੋਗ ਵੀ ਨਹੀਂ ਹੈ। ਹੁਣ ਤੱਕ ਛੋਟੇ ਬੱਚਿਆਂ ਮੁਆਫਿਕ ਰੋਂਦੇ ਰਹਿੰਦੇ ਹਨ। ਮਾਇਆ ਦੇ ਤੂਫ਼ਾਨ ਵਿੱਚ ਠਹਿਰ ਨਹੀਂ ਸਕਦੇ ਹਨ। ਦੇਹ - ਅਭਿਮਾਨ ਬਹੁਤ ਹੈ। ਦੇਹੀ - ਅਭਿਮਾਨੀ ਬਣਦੇ ਨਹੀਂ। ਬਾਬਾ ਤੇ ਬਾਰ - ਬਾਰ ਕਹਿੰਦੇ ਹਨ - ਅਪਣੇ ਨੂੰ ਆਤਮਾ ਸਮਝੋ। ਹੁਣ ਸਾਨੂੰ ਵਾਪਿਸ ਜਾਣਾ ਹੈ। ਸਭ ਐਕਟਰਸ ਜੋ ਆਪਣਾ - ਆਪਣਾ ਪਾਰ੍ਟ ਵਜਾਉਂਦੇ ਹਨ ਸਭ ਸ਼ਰੀਰ ਛੱਡਕੇ ਵਾਪਿਸ ਘਰ ਜਾਣਗੇ। ਤੁਸੀਂ ਸਾਕਸ਼ੀ ਹੋਕੇ ਦੇਖੋ। ਦੇਹਧਾਰੀ ਸੰਬੰਧਾਂ ਵਿੱਚ, ਦੇਹ ਵਿੱਚ ਮੋਹ ਕਿਉਂ ਰੱਖਦੇ ਹੋ? ਵਿਦੇਹੀ ਬਣਦੇ ਨਹੀਂ। ਫਿਰ ਵਿਕਰਮ ਵਿਨਾਸ਼ ਨਹੀਂ ਹੁੰਦੇ। ਬਾਪ ਨੂੰ ਯਾਦ ਕਰਦੇ ਰਹਿਣ ਤਾਂ ਖੁਸ਼ੀ ਦਾ ਪਾਰਾ ਚੜੇ। ਸਾਨੂੰ ਸ਼ਿਵਬਾਬਾ ਪੜ੍ਹਾਉਂਦੇ ਹਨ ਫਿਰ ਅਸੀਂ ਦੇਵੀ - ਦੇਵਤਾ ਬਣਾਂਗੇ ਤਾਂ ਅਪਾਰ ਖੁਸ਼ੀ

ਹੋਣੀ ਚਾਹੀਦੀ ਹੈ ਨਾ ।

ਤੁਸੀਂ ਜਾਣਦੇ ਹੋ ਭਾਰਤਵਾਸੀ ਜਦੋਂ ਸੁਖ ਵਿੱਚ ਸਨ ਤਾਂ ਬਾਕੀ ਸਭ ਮਨੁੱਖ ਨਿਰਵਾਣਧਾਮ, ਸ਼ਾਂਤੀਧਾਮ ਵਿਚ ਸਨ। ਹੁਣ ਤਾਂ ਕਿੰਨੇ ਕਰੋੜਾਂ ਮਨੁੱਖ ਹਨ। ਹੁਣ ਤੁਸੀਂ ਪੁਰਸ਼ਾਰਥ ਕਰ ਰਹੇ ਹੋ, ਜੀਵਨਮੁੱਤਕੀ ਪਾਉਣ ਦਾ। ਬਾਕੀ ਸਭ ਵਾਪਿਸ ਚਲੇ ਜਾਣਗੇ। ਪੁਰਾਣੀ ਦੁਨੀਆਂ ਬਦਲ ਨਵੀਂ ਦੁਨੀਆਂ ਬਣਨੀ ਹੈ। ਨਵਾਂ ਤਾਂ ਬਾਪ ਹੀ ਬਣਾਏਗਾ। ਸੈਪਲਿੰਗ ਲੱਗ ਰਹੀ ਹੈ। ਇਹ ਹੈ ਦੈਵੀ ਫੁੱਲਾਂ ਦਾ ਸੈਪਲਿੰਗ। ਕੰਡਿਆਂ ਤੋਂ ਤੁਸੀਂ ਫੁੱਲ ਬਣਦੇ ਹੋ। ਬਗ਼ੀਚਾ ਪੂਰਾ ਤਿਆਰ ਹੋ ਜਾਏਗਾ ਤਾਂ ਇਹ ਕੰਡਿਆਂ ਦਾ ਜੰਗਲ ਖ਼ਤਮ ਹੋ ਜਾਏਗਾ। ਇਹਨਾਂ ਨੂੰ ਅੱਗ ਲਗਣੀ ਹੈ। ਫਿਰ ਅਸੀਂ ਫੁੱਲਾਂ ਦੇ ਬਗ਼ੀਚੇ ਵਿੱਚ ਚਲੇ ਜਾਵਾਂਗੇ। ਕਿਉਂ ਨਾ ਮੰਮਾ-ਬਾਬਾ ਨੂੰ ਫਾਲੋ ਕਰੀਏ। ਗਾਇਆ ਵੀ ਹੋਇਆ ਹੈ ਫਾਲੋ ਫ਼ਾਦਰ - ਮਦਰ। ਜਾਣਦੇ ਹੋ ਇਹ ਮੰਮਾ - ਬਾਬਾ, ਲਕਸ਼ਮੀ - ਨਾਰਾਇਣ ਬਣਨਗੇ। ਇਹਨਾਂ ਨੇ ਹੀ 84 ਜਨਮ ਬਿਤਾਏ ਹਨ। ਤੁਹਾਡਾ ਵੀ ਇਵੇਂ ਹੀ ਹੈ। ਇਹਨਾਂ ਦਾ ਮੁਖ ਪਾਰ੍ਹ ਹੈ। ਲਿਖਿਆ ਵੀ ਜਾਂਦਾ ਹੈ ਬਾਪ ਆਕੇ ਸੂਰਜਵੰਸ਼ੀ - ਚੰਦ੍ਰਵੰਸ਼ੀ ਸਵਰਾਜ ਫਿਰ ਤੋਂ ਸਥਾਪਨ ਕਰ ਰਹੇ ਹਨ। ਕਿੰਨਾ ਸਮਝਾਇਆ ਜਾਂਦਾ ਹੈ, ਤਾਂ ਵੀ ਦੇਹ - ਅਭਿਮਾਨ ਟੁੱਟਦਾ ਨਹੀਂ ਹੈ। ਮੇਰਾ ਪਤੀ, ਮੇਰਾ ਬੱਚਾ… ਅਰੇ, ਇਹ ਪੁਰਾਣੀ ਦੁਨੀਆਂ ਦੇ ਪੁਰਾਣੇ ਸੰਬੰਧ ਹਨ ਨਾ। ਮੇਰਾ ਤੇ ਇੱਕ ਸ਼ਿਵਬਾਬਾ ਦੂਸਰਾ ਨਾ ਕੋਈ। ਸਭ ਦੇਹਧਾਰੀਆਂ ਤੋਂ ਮਮਤਵ ਮਿਟ ਜਾਣਾ ਬੜਾ ਮੁਸ਼ਕਿਲ ਹੈ। ਬਾਪ ਸਮਝ ਜਾਂਦੇ ਹਨ, ਇਹਨਾਂ ਦਾ ਮਮਤਵ ਮਿਟਾਉਣਾ ਮੁਸ਼ਕਿਲ ਦਿਖਦਾ ਹੈ। ਸ਼ਕਲ ਹੀ ਇਵੇਂ ਦੇਖਣ ਵਿੱਚ ਆਉਂਦੀ ਹੈ। ਕੁਮਾਰੀਆਂ ਚੰਗੀਆਂ ਮਦਦਗਾਰ ਬਣਦੀਆਂ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਦੇਹ ਸਹਿਤ ਸਬ ਤੋਂ ਮੋਹ ਨਿਕਾਲ ਦਵੋ ਵਿਦੇਹੀ ਬਣਨ ਦਾ ਪੂਰਾ ਪੁਰਸ਼ਾਰਥ ਕਰਨਾ ਹੈ। ਹਰ ਐਕਟਰ ਦਾ ਪਾਰ੍ਹ ਸਾਕਸ਼ੀ ਹੋ ਦੇਖਣਾ ਹੈ। ਬੰਧੰਨ ਮੁਕਤ ਬਣਨਾ ਹੈ।

2. ਇਸ ਪੁਰਾਣੀ ਦੁਨੀਆਂ ਤੋਂ ਉਪਰਾਮ ਹੋਣਾ ਹੈ, ਆਪਣੇ ਆਪ ਨਾਲ ਗੱਲਾਂ ਕਰਨੀਆਂ ਹਨ ਕਿ ਸਾਨੂੰ ਤਾਂ ਹੁਣ ਵਾਪਿਸ ਜਾਣਾ ਹੈ। ਹੁਣ ਪੁਰਾਣੀ ਦੁਨੀਆਂ ਦੇ ਅੰਤ ਦਾ ਸਮਾਂ ਹੈ, ਸਾਡਾ ਪਾਰ੍ਹ ਪੂਰਾ ਹੋਇਆ।

ਵਰਦਾਨ:- ਸਰਵ ਖਜ਼ਾਨਿਆਂ ਦੀ ਸੰਪੰਨਤਾ ਦਵਾਰਾ ਸੰਪੂਰਨਤਾ ਦਾ ਅਨੁਭਵ ਕਰਨ ਵਾਲੇ ਪ੍ਰਾਪਤੀ ਸਵਰੂਪ ਭਵ

ਜਿਵੇਂ ਚੰਦਰਮਾਂ ਜਦੋ ਸੰਪੰਨ ਹੁੰਦਾ ਹੈ ਤਾਂ ਸੰਪੰਨਤਾ ਉਸਦੇ ਸੰਪੂਰਨਤਾ ਦੀ ਨਿਸ਼ਾਨੀ ਹੁੰਦੀ ਹੈ, ਇਸ ਤੋਂ ਹੋਰ ਅੱਗੇ ਨਹੀਂ ਵਧੇਗਾ, ਬਸ ਇੰਨੀ ਹੀ ਸੰਪੂਰਨਤਾ ਹੈ, ਜ਼ਰਾ ਵੀ ਕਿਨਾਰੀ ਘੱਟ ਨਹੀਂ ਹੁੰਦੀ ਹੈ। ਇਵੇਂ ਤੁਸੀਂ ਬੱਚੇ ਜਦੋਂ ਗਿਆਨ, ਯੋਗ ਧਾਰਨਾ ਅਤੇ ਸੇਵਾ ਮਤਲਬ ਸਭ ਖਜ਼ਾਨਿਆਂ ਤੋਂ ਸੰਪੰਨ ਹੁੰਦੇ ਹੋ, ਤਾਂ ਇਸ ਸੰਪੰਨਤਾ ਨੂੰ ਹੀ ਸੰਪੂਰਨਤਾ ਕਿਹਾ ਜਾਂਦਾ ਹੈ। ਅਜਿਹੀਆਂ ਸੰਪੰਨ ਆਤਮਾਵਾਂ ਪ੍ਰਾਪਤੀ ਸਵਰੂਪ ਹੋਣ ਦੇ ਕਾਰਨ ਸਥਿਤੀ ਵਿੱਚ ਵੀ ਸਦਾ ਸਮੀਪ ਰਹਿੰਦੀਆਂ ਹਨ।

ਸਲੋਗਨ:- ਦਿਵਯ ਬੁੱਧੀ ਸਰਵ ਸਿੱਧੀਆਂ ਨੂੰ ਪ੍ਰਾਪਤ ਕਰਨਾ ਹੀ ਸਿੱਧੀ ਸਵਰੂਪ ਬਣਨਾ ਹੈ।

******